**DISE ਪਰਫਾਰਮਾ ਚੈੱਕ ਕਰਨ ਸਬੰਧੀ BRPs ਅਤੇ CHTs ਲਈ ਕੁੱਝ ਖਾਸ ਹਦਾਇਤਾਂ :-**

1) (ਪੰਨਾ-1) : ਸਕੂਲ ਦਾ ਕੋਡ ਜੋ ਪਿਛਲੇ ਸਾਲ ਅਲਾਟ ਕਰ ਦਿੱਤਾ ਗਿਆ ਸੀ, ਉਹੀ ਇਸ ਸਾਲ ਰਹੇਗਾ। ਇਹ ਕੋਡ ਕਿਸੇ ਵੀ ਸੂਰਤ ਵਿਚ ਬਦਲਿਆ ਨਹੀ ਜਾ ਸਕਦਾ। ਜੇਕਰ ਕੋਈ ਸਕੂਲ ਪਹਿਲੀ ਵਾਰ ਇਸ ਸਰਵੇ ਵਿਚ ਕਵਰ ਕੀਤਾ ਜਾ ਰਿਹਾ ਹੈ ਤਾਂ ਇਸ ਹਾਲਤ ਵਿਚ ਸਕੂਲ ਨੂੰ ਨਵਾਂ ਕੋਡ ਜ਼ਿਲ੍ਹਾ ਪੱਧਰ ਤੇ ਹੀ ਅਲਾਟ ਕੀਤਾ ਜਾਵੇਗਾ।

2) (ਪੰਨਾ-1, ਕਾਲਮ-3) : ਪਿੰਡ ਜਿਸ ਵਿਚ ਇਹ ਸਕੂਲ ਸਥਿਤ ਹੈ ਦਾ ਪਿੰਨ ਕੋਡ ਜ਼ਰੂਰ ਭਰਿਆ ਜਾਵੇ।

3) (ਪੰਨਾ-1, ਕਾਲਮ-12) : ਸਕੂਲ ਦੇ ਹੈੱਡ ਜਾਂ ਕਿਸੇ ਟੀਚਰ ਦਾ ਫੋਨ ਜਾਂ ਮੋਬਾਇਲ ਨੰਬਰ ਜ਼ਰੂਰ ਭਰਿਆ ਜਾਵੇ। ਇਹ ਕਾਲਮ ਖਾਲੀ ਨਾ ਛੱਡਿਆ ਜਾਵੇ।

4) (ਪੰਨਾ-1, ਕਾਲਮ-14) :ਸਕੂਲ ਦੀ ਸਥਾਪਨਾ ਦਾ ਸਾਲ ਸਕੂਲ ਦੇ ਰਿਕਾਰਡ ਅਨੁਸਾਰ ਠੀਕ ਭਰਿਆ ਜਾਵੇ।

5) (ਪੰਨਾ-1, ਕਾਲਮ-17 ਅਤੇ 19) : ਕਾਲਮ 19 ਕਾਲਮ 17 ਨੂੰ ਧਿਆਨ ਵਿਚ ਰੱਖ ਕੇ ਭਰਿਆ ਜਾਵੇ।

6) (ਪੰਨਾ-1, ਕਾਲਮ-18) : ਸਕੂਲ ਦੇ ਸੰਚਾਲਨ ਸਬੰਧੀ ਜਾਣਕਾਰੀ ਠੀਕ ਅਤੇ ਧਿਆਨ ਪੂਰਵਕ ਭਰੀ ਜਾਵੇ।

7) (ਪੰਨਾ-2, ਕਾਲਮ-5(ਏ) : ਇਹ ਜਾਣਕਾਰੀ ਕਿ ਸਕੂਲ ਸਾਲ ਵਿਚ ਕਿੰਨੇ ਦਿਨ ਚੱਲਿਆ ਹੈ ਠੀਕ ਅਤੇ ਰਿਕਾਰਡ ਮੁਤਾਬਕ ਦਰਸਾਈ ਜਾਵੇ।

8) (ਪੰਨਾ-2, ਕਾਲਮ-6) : ਸਕੂਲ ਦੇ ਫੰਡਾਂ ਸਬੰਧੀ ਜਾਣਕਾਰੀ ਰਿਕਾਰਡ ਮੁਤਾਬਕ ਸਹੀ ਭਰੀ ਜਾਵੇ।

9) (ਪੰਨਾ-2, ਕਾਲਮ-7) : ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਸਬੰਧੀ ਜਾਣਕਾਰੀ ਠੀਕ ਅਤੇ ਹਦਾਇਤਾਂ ਮੁਤਾਬਕ ਹੀ ਦਰਸਾਈ ਜਾਵੇ।

   ਇਸ ਸਬੰਧ ਵਿਚ ਸਹੀ ਸਪਸ਼ਟੀਕਰਨ ਲਈ ਆਪਣੇ ਜ਼ਿਲ੍ਹੇ ਦੇ ਐਮ.ਆਈ.ਐਸ ਕੁਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

10) (ਪੰਨਾ-3, ਕਾਲਮ-2) :ਪੜਾਈ ਲਈ ਵਰਤੇ ਜਾਂਦੇ ਕਮਰਿਆਂ ਦਾ ਕੁੱਲ ਜੋੜ ਕਮਰਿਆਂ ਦੀ ਹਾਲਤ ਜਿਵੇਂ ਕਿ ਚੰਗੀ, ਥੋੜੀ ਮੁਰੰਮਤ ਦੀ ਲੋੜ, ਜ਼ਿਆਦਾ ਮੁਰੰਮਤ ਦੀ ਲੋੜ ਅਤੇ ਪੱਕਾ, ਕੁਝ ਪੱਕਾ, ਕੱਚਾ, ਟੈਂਟ ਅਦਿ ਦੇ ਜੋੜ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ।

11) (ਪੰਨਾ-3, ਕਾਲਮ-10) :ਜੇਕਰ ਸਕੂਲ ਵਿਚ ਪੱਖੇ, ਬਲਬ ਆਦਿ ਚਲਦੇ ਹਨ ਤਾਂ ਇਸ ਕਾਲਮ ਵਿਚ ਹਾਂ ਦਰਸਾਇਆ ਜਾਵੇ।

12) (ਪੰਨਾ-5) :ਇਥੇ ਦਰਸਾਏ ਅਧਿਆਪਕਾਂ ਦੀ ਗਿਣਤੀ ਪੰਨਾ-2, ਕਾਲਮ-7 ਵਿਚ ਦਰਸਾਏ ਰੈਗੂਲਰ ਅਤੇ ਪੈਰਾ ਅਧਿਆਪਕਾਂ ਦੇ ਜੋੜ ਨਾਲ ਮੇਲ ਖਾਂਦੀ ਹੋਵੇ। ਸਿੱਖਿਆ ਸਟਾਫ ਤੋਂ ਇਲਾਵਾ ਹੋਰ ਕਿਸੇ ਵੀ ਕਰਮਚਾਰੀ ਦਾ ਵੇਰਵਾ ਇਥੇ ਨਾ ਦਰਸਾਇਆ ਜਾਵੇ।

13) ਪੰਨਾ-6 (ਈ), ਪੰਨਾ-7 (ਐਫ) ਅਤੇ ਪੰਨਾ-8 (ਜੀ) ਵਿਚ ਦਰਸਾਈ ਜਮਾਤ ਅਨੁਸਾਰ ਵਿਦਿਆਰਥੀਆਂ ਦੀ ਗਿਣਤੀ ਦਾ ਜੋੜ ਆਪਸ ਵਿਚ ਮੇਲ ਖਾਂਦਾ ਹੋਵੇ।

ਉਪਰੋਕਤ ਤੋਂ ਇਲਾਵਾ ਬਾਕੀ ਸਾਰੇ ਕਾਲਮ ਵੀ ਬਾਰੀਕੀ ਨਾਲ ਚੈੱਕ ਕਰ ਲਏ ਜਾਣ। ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸਪਸ਼ਟੀਕਰਨ ਲਈ ਆਪਣੇ ਜ਼ਿਲ੍ਹੇ ਦੇ ਐਮ.ਆਈ.ਐਸ ਕੁਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।